ਵੱਲੋ,

ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

**ਰਜਿਸਟਰਾਰ, (ਸੈਕਸਨਿੰਗ ਅਥਾਰਟੀਜ਼)**

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਡਾ: ਬੀ.ਆਰ.ਅੰਬੇਦਕਰ, ਨੈਸ਼ਨਲ ਇਸ: ਆਫ ਟੈਕ: ਜਲੰਧਰ।
3. ਇੰਡੀਅਨ ਇੰਸ: ਆਫ ਟੈਕ: ਰੋਪੜ੍ਹ
4. ਸੰਤ ਲੋਗੋਂਵਾਲ ਇੰਸ: ਆਫ ਇੰਜੀ: ਅਤੇ ਟੈਕ: ਸੰਗਰੂਰ।
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।
6. ਥਾਪਰ ਯੂਨੀਵਰਸਿਟੀ, ਪਟਿਆਲਾ।

7-21 **ਪ੍ਰਿੰਸੀਪਲ,**
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ, ਬਹਿਰਾਮ, ਬਡਬਰ, ਬੇਗੋਵਾਲ, ਬਰੇਟਾ,ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ੍ਹ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ, ਫਿਰੋਜ਼ਪੁਰ।

22-27 ਸਰਕਾਰੀ ਬਹੁਤਕਨੀਕੀ ਕਾਲਜ, ਲੜਕੀਆ, ਅੰਮ੍ਰਿਤਸਰ, ਜਲੰਧਰ, ਦੀਨਾਨਗਰ, ਪਟਿਆਲਾ, ਲੁਧਿਆਣਾ ਅਤੇ ਰੋਪੜ੍ਹ।

28. ਪ੍ਰਿੰਸੀਪਲ, ਗੋਰਮਿੰਟ ਇੰਸ: ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ: ਲੁਧਿਆਣਾ

ਮੀਮੋ ਨੰ:1.ਟੀ.ਈ. 521 /ਸਕਾਲਰਸ਼ਿਪ ਮਿਤੀ: 12/8/14

ਵਿਸ਼ਾ: ਸਾਲ 2013-14 ਤਹਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਯੋਗ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਦੂਜੇ ਲਾਟ ਦੇ ਵਿਦਿਆਰਥੀਆਂ ਦੀਆਂ ਨਾ ਮੋੜਨਯੋਗ ਫੀਸਾਂ/ ਸਕਾਲਰਸ਼ਿਪ ਦੀ ਅਦਾਇਗੀ ਸਬੰਧੀ।

ਵਿਸ਼ਾ ਅੰਕਿਤ ਮਾਮਲੇ ਸਬੰਧੀ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ਚੰਡੀਗੜ੍ਹ ਦੇ ਮੀਮੋ ਨੰ: ਸ-17/33715 ਮਿਤੀ 11.08.2014 (ਕਾਪੀ ਨੱਥੀ ਹੈ) ਭੇਜਦੇ ਹੋਏ ਬੇਨਤੀ ਹੈ ਕਿ ਇਸ ਸਬੰਧੀ ਤੁਰੰਤ ਪੁਸ਼ਟੀ ਕਰਕੇ ਆਪਣੀ ਰਿਪੋਰਟ ਸ੍ਰੀ ਜੱਸੀ ਕੋਆਰਡੀਨੇਟਰ ਜੀ ਦੀ ਈ.ਮੇਲ ਆਈ.ਡੀ. jassi_reply@yahoo.com ਤੇ ਅੱਜ ਮਿਤੀ 12.08.2014 ਨੂੰ ਸ਼ਾਮ 4:00 ਵਜੇ ਤੱਕ ਭੇਜੀ ਜਾਵੇ ਕਿ ਇਸ ਸਬੰਧੀ ਆਪ ਵੱਲੋਂ ਲਾਈਨ ਵਿਭਾਗ ਨੂੰ ਐਸ.ਸੀ. ਵਿਦਿਆਰਥੀਆਂ ਦੇ ਸਾਲ 2013-14 ਦੇ ਸਾਰੇ ਕੇਸ ਭੇਜੇ ਜਾ ਚੁੱਕੇ ਹਨ ਅਤੇ ਕੋਈ ਵੀ ਕੇਸ ਲਾਈਨ ਵਿਭਾਗ ਨੂੰ ਭੇਜਣਾ ਪੈਂਡਿੰਗ ਨਹੀਂ ਹੈ ਤਾਂ ਜੋ ਉਸੇ ਅਨੁਸਾਰ ਭਲਾਈ ਵਿਭਾਗ ਨੂੰ ਉੱਤਰ ਭੇਜਿਆ ਜਾ ਸਕੇ।

12/8/2014

ਨੱਥੀ/ਉਪਰੋਕਤ ਅਨੁਸਾਰ,

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੰਠ ਅਕੰਣ ਨੰ:1.ਟੀ.ਈ. /ਸਕਾਲਰਸ਼ਿਪ ਮਿਤੀ:

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ,ਐਸ.ਸੀ.ਓ ਨੰ: 128-29 ਸੈਕਟਰ 34-ਏ, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: ਸ-17/33715 ਮਿਤੀ 11.08.2014 ਦੇ ਹਵਾਲੇ ਵਿੱਚ ਭੇਜ ਕੇ ਸੂਚਿਤ ਕੀਤਾ ਜਾਂਦਾ ਹੈ ਕਿ ਲਾਈਨ ਵਿਭਾਗ ਦੇ ਪੱਧਰ ਤੇ ਸਾਲ 2013-14 ਦੇ ਐਸ.ਸੀ. ਵਿਦਿਆਰਥੀਆਂ ਨਾਲ ਸਬੰਧਤ ਕੋਈ ਵੀ ਕੇਸ ਪੈਡਿੰਗ ਨਹੀਂ ਹੈ।ਅਧੀਨ ਸੰਸਥਾਵਾਂ ਸਬੰਧੀ ਵਿਭਾਗ ਦੀਆਂ ਸਾਰੀਆਂ ਸੈਕਸ਼ਨਿੰਗ ਅਥਾਰਟੀਜ਼ ਤੋਂ ਰਿਪੋਰਟ ਪ੍ਰਾਪਤ ਹੋਣ ਤੇ ਆਪ ਜੀ ਨੂੰ ਭੇਜ ਦਿੱਤੀ ਜਾਵੇਗੀ।

ਸਹੀ

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੰਠ ਅਕੰਣ ਨੰ:1.ਟੀ.ਈ. /ਸਕਾਲਰਸ਼ਿਪ ਮਿਤੀ:

ਉਪਰੋਕਤ ਦਾ ਇੱਕ ਉਤਾਰਾ ਪ੍ਰੋਗਰਾਮਰ (ਮੁੱਖ ਦਫ਼ਤਰ) ਨੂੰ ਸਹਿ ਪੱਤਰ ਸਮੇਤ ਵਿਭਾਗ ਦੀ ਵੈਬਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਸਹੀ

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ/ਉਪਰੋਕਤ ਅਨੁਸਾਰ,

FROM :WELFARE ( PB )　　FAX NO. :0172-2602912　　11 Aug. 2014 11:07AM P2

ਪੀ ਏ/ਏ ਡੀ ਟੀ ਈ (ਪੋਲੀ)
ਡਾਇਰੀ ਨੰ: 288
ਮਿਤੀ 11-08-2014

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ,
ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ੍ਹ
ਟੈਲੀਫੋਨ ਨੰ: 2600588, 2602912 (ਫੈਕਸ)

ਸੇਵਾ ਵਿਖੇ

ਅਤੀ ਜ਼ਰੂਰੀ

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਪੋਲੀਟੈਕਨਿਕ ਅਤੇ ਇੰਜ. ਵਿੰਗ),
ਪੰਜਾਬ,ਚੰਡੀਗੜ੍ਹ।

ਮੀਮੋ ਨੰਬਰ ਸ-17/ ੯੩੭੧੫
ਮਿਤੀ,ਚੰਡੀਗੜ੍ਹ 11/8/14

ਵਿਸ਼ਾ:- ਸਾਲ 2013-14 ਤਹਿਤ ਪੋਸਟ ਮੈਟ੍ਰਿਕ ਸਕਾਲਰਸਿਪ ਟੂ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਦੂਜੇ ਲਾਟ ਦੇ ਵਿਦਿਆਰਥੀਆਂ ਦੀਆਂ ਨਾ-ਮੋੜਨ ਯੋਗ ਫੀਸਾਂ/ਸ਼ਕਾਲਰਸਿਪ ਦੀ ਅਦਾਇਗੀ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਵਲੋਂ ਇਸ ਦਫਤਰ ਨੂੰ ਸਾਲ 2013-14 ਤਹਿਤ ਪੋਸਟ ਮੈਟ੍ਰਿਕ ਸ਼ਕਾਲਰਸਿਪ ਟੂ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਪਹਿਲੇ ਲਾਟ ਦੇ ਵਿਦਿਆਰਥੀਆਂ ਦੀਆਂ ਨਾ-ਮੋੜਨ ਯੋਗ ਫੀਸਾਂ/ਸ਼ਕਾਲਰਸਿਪ ਦੀ ਅਦਾਇਗੀ ਲਈ 410 ਸੰਸਥਾਵਾਂ ਦੇ ਵਿਦਿਆਰਥੀਆਂ ਦਾ ਡਾਟਾ, ਕਲੀਨ ਕਰਨ ਉਪਰੰਤ ਭੇਜਿਆ ਸੀ। ਆਪ ਵਲੋਂ ਪ੍ਰਾਪਤ ਡਾਟੇ ਅਨੁਸਾਰ ਸਾਲ 2013-14 ਦੇ 40379 ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਿਆਰਥੀਆਂ ਨੂੰ 100% ਸ਼ਕਾਲਰਸਿਪ ਅਤੇ 50% ਫੀਸਾਂ ਦੇ ਕਲੇਮਾਂ ਦੀ ਅਦਾਇਗੀ ਦਫਤਰ ਵਲੋਂ ਕਰ ਦਿੱਤੀ ਗਈ ਹੈ। ਬਾਕੀ ਰਹਿੰਦੀ 50% ਫੀਸਾਂ ਦੇ ਕਲੇਮਾਂ ਦੀ ਅਦਾਇਗੀ ਜਲਦੀ ਹੀ ਕੀਤੀ ਜਾ ਰਹੀ ਹੈ।

ਉਪਰੋਕਤ ਅਨੁਸਾਰ ਪਹਿਲੇ ਲਾਟ ਵਿੱਚ ਭੇਜੇ 40379 ਵਿਦਿਆਰਥੀਆਂ ਤੋਂ ਇਲਾਵਾ ਡਾਟਾ ਮਿਤੀ 13-8-2014 ਤੱਕ, ਕਲੀਨ ਕਰਕੇ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਖਜਾਨੇ ਬਿਲ ਭੇਜਣ ਸਮੇਂ ਇਨ੍ਹਾਂ ਦੀ ਡਿਟੇਲ ਨਾਲ ਨੱਥੀ ਕੀਤੀ ਜਾ ਸਕੇ। ਕੇਵਲ ਉਨ੍ਹਾਂ ਹੀ ਵਿਦਿਆਰਥੀਆਂ ਦਾ ਡਾਟਾ ਭੇਜਿਆ ਜਾਵੇ ਜੋ ਵਿਦਿਆਰਥੀ ਪਹਿਲਾਂ ਭੇਜੇ 40379 ਵਿਦਿਆਰਥੀਆਂ ਵਿੱਚ ਸ਼ਾਮਿਲ ਨਹੀਂ ਹਨ, ਭਾਵ ਜਿਨ੍ਹਾਂ ਨੂੰ ਇਸ ਦਫਤਰ ਵਲੋਂ ਅੱਜੇ 100% ਸ਼ਕਾਲਰਸਿਪ ਅਤੇ ਫੀਸਾਂ ਦਾ ਕਲੇਮ ਅਦਾ ਕਰਨਾ ਬਾਕੀ ਹੈ। ਇਹ ਡਾਟਾ ਹਾਰਡ ਐਂਡ ਸਾਫਟ ਰੂਪ ਵਿੱਚ ਮੁਕੰਮਲ ਤੌਰ ਤੇ ਹਸਤਾਖਰਾਂ ਸਹਿਤ ਭੇਜਿਆ ਜਾਵੇ। ਡਾਟਾ ਭੇਜਦੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਸ ਤੋਂ ਇਲਾਵਾ ਆਪ ਪਾਸ ਸਾਲ 2013-14 ਦਾ ਹੋਰ ਕੋਈ ਵੀ ਅਨੁਸੂਚਿਤ ਜਾਤੀ ਵਿਦਿਆਰਥੀ ਦਾ ਕਲੇਮ ਪੈਂਡਿੰਗ ਨਾ ਰਹੇ।

ਕਿਸੇ ਵੀ ਤਰਾਂ ਦੀ ਡੁਪਲੀਕੇਸੀ ਦੀ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ।

ਡਾਇਰੈਕਟਰ
11/8/14